# ਵਰਿਆਮ ਮਸਤ ਦੁਆਰਾ ਰਚਿਤ ਨਾਟਕ ‘ਰਿਸ਼ਤੇ’:ਬਹੁਪੱਖੀ ਅਧਿਐਨ

**ਸਿਮਰਜੀਤ ਸਿੰਘ**
ਖ਼ਾਲਸਾ ਕਾਲਜ ਫ਼ਾਰ ਵਿਮਨ
ਅੰਮ੍ਰਿਤਸਰ

ਸਮਕਾਲੀ ਪੰਜਾਬੀ ਨਾਟਕ ਦਾ ਰਚਨਾ ਵਸਤੂ ਬਣਨ ਵਾਲੀਆਂ ਵੰਗਾਰਾਂ, ਚੁਣੌਤੀਆਂ ਅਤੇ ਸੰਭਾਵਨਾਵਾਂ ਦੇ ਨੈਣ ਨਕਸ਼ ਵੀਹਵੀਂ ਸਦੀ ਦੇ ਅੰਤਮ ਦਹਾਕੇ ’ਚ ਰੂਪਮਾਨ ਹੋਏ ਹਨ। ਇਸ ਨਵੀ ਮੁਹਾਂਦਰੇ ਦੇ ਪਿਛੋਕੜ ’ਚੋਂ ਉਭਰਦੇ ਕਾਰਕ ਸੂਚਨਾ ਤੇ ਸੰਚਾਰ ਦੀ ਬੰਬਰਾਮੈਂਟ, ਸਮਾਜਵਾਦ ਦਾ ਵਿਗੜਦਾ ਤੰਤਰ, ਹਰੇ ਇਨਕਲਾਬ ਦਾ ਦੰਭੀ ਤੇ ਖੁਸ਼ਕ ਚਿਹਰਾ, ਨਿੱਜ ਕੇਂਦਰਿਤ ਜਾਂ ਚੰਮਵਾਦੀ ਰੁਚੀਆਂ ਦੀ ਭਰਮਾਰ ਅਤੇ ਨਵ-ਪੂੰਜੀਵਾਦੀ ਵਿਵਸਥਾ ਦੀ ਕਰੂਰ ਇਜ਼ਾਰੇਦਾਰੀ ਆਦਿਕ ਪ੍ਰਤੀ ਸਰਬ ਸਹਿਮਤੀ ਨਾਲ ਬੇਤਰਤੀਬੀ ਵਿਚਾਰਧਾਰਾ ਸਥਾਪਿਤ ਹੋ ਚੁੱਕੀ ਹੈ, ਉਪਰੋਕਤ ਗਤੀਸ਼ੀਲ ਵਰਤਾਰੇ ਨੂੰ ਵਿਸ਼ਵੀਕਰਨ ਦੇ ਸੰਦਰਭ ਦੁਆਰਾ ਸਮਝਣਾ ਅਤਿ ਅਵੱਸ਼ਕ ਹੋ ਗਿਆ ਹੈ।

ਸਮਕਾਲੀ ਦੌਰ ਬੇਹੱਦ ਬੇਤਰਤੀਬਾਂ, ਬੇਵਿਸ਼ਵਾਸ਼ਾਂ ਅਤੇ ਜਟਿਲਤਾ ਭਰਪੂਰ ਬਿਰਤੀ ਵਾਲਪ ਹੈ, ਜਿਸ ਦੇ ਪਿਛੋਕੜ ’ਚ ਪੂੰਜੀਵਾਦ ਦੀਆਂ ਮਾਰੂ ਤੇ ਪ੍ਰਭਾਵੀ ਨੀਤੀਆਂ ਦੀ ਨਿਸ਼ਾਨਦੇਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। “ਇਹ ਦੌਰ ਅੰਤਾਂ ਅਤੇ ਮੌਤਾਂ ਦੇ ਔਲਾਨਨਾਮਿਆਂ ਦਾ ਦੌਰ ਹੈ।”[1] ਭਾਵ ਇਹ ਅੰਤ ਇਤਿਹਾਸ-ਵਿਚਾਰਧਾਰਾ ਅਤੇ ਮਨੁੱਖੀ ਸੰਵੇਦਨਾ ਆਦਿ ਨੂੰ ਘੋਸ਼ਿਤ ਕੀਤਾ ਜਾਂਦਾ ਹੈ। ਸੰਸਾਰ ਯੁੱਧਾਂ ਤੋਂ ਬਾਅਦ ਮਨੁੱਖ ਦਾ ਆਧੁਨਿਕਤਾ ਤੋਂ ਉਠਦੇ ਵਿਸ਼ਵਾਸ਼ ਨੇ ਸੰਸਾਰ ਦੀ ਆਰਥਿਕਤਾ ਦੇ ਅਸਾਵੇਂਪਣ ਵਾਸਤੇ ਨਵੀਨ ਆਰਥਿਕ ਵਪਾਰਕ ਨੀਤੀਆਂ ਘੜੀਆਂ ਹਨ, ਜਿਸ ਨੂੰ ਐਲ.ਪੀ.ਜੀ. (ਲਿਬਰੇਲਾਈਜ਼ੇਸ਼ਨ, ਪ੍ਰਾਈਵੇਟਾਈਜ਼ੇਸ਼ਨ ਤੇ ਗਲੋਬਲਾਈਜੇਸ਼ਨ) ਵਿਸਤਾਰਿਆ ਅਤੇ ਪ੍ਰਸਾਰਿਆ ਜਾ ਰਿਹਾ ਹੈ। ਇਨ੍ਹਾਂ ਨੀਤੀਆਂ ਸਦਕਾ ਸਹਿਜੇ ਹੀ ਅਸੀਂ ਨਾ ਚਾਹੁੰਦਿਆਂ ਹੋਇਆ ਵੀ ਉਤਰ ਆਧੁਨਿਕ ਦੌਰ ’ਚ ਪ੍ਰਵੇਸ਼ ਕਰ ਜਾਂਦੇ ਹਾਂ। ਇਸ ਬਦਲਾਵ ਨੂੰ ਵਿਸ਼ਵੀਕਰਨ ਵਰਤਾਰੇ ਵਜੋਂ ਮਾਨਤਾ ਮਿਲ ਚੁੱਕੀ ਹੈ, ਕਿਉਂਕਿ ਜੋ ਵਿਸ਼ਵੀਕਰਨ ਇਕ ਖੁੱਲ੍ਹੀ ਮੰਡੀ ਦਾ ਪ੍ਰਤੀਰੂਪ ਹੈ, ਉਦਾਰੀਕਰਨ, ਨਿੱਜੀਕਰਨ ਅਤੇ ਬਾਜ਼ਾਰੀਕਰਨ ਨੇ ਹਰੇਕ ਵਸਤ ਅਤੇ ਵਪਾਰ ਨੂੰ ਮੰਡੀ ਮੁਨਾਫ਼ੇ ਦੀ ਸ਼ੈਅ ਬਣਾ ਦਿੱਤਾ ਹੈ। ਲਿਹਾਜ਼ਾ ‘ਵਰਤੋਂ ਅਤੇ ਸੁੱਟੋ’ ਦਾ ਅਮਲ ਖ਼ਪਤਵਾਦੀ ਦੌਰ ਦੀ ਜੀਵਨ ਜਾਚ ਬਣਕੇ ਰਹਿ ਗਈ ਹੈ। ਇਸ ਦੇ ਭਾਰੂ ਪ੍ਰਭਾਵ ਹੇਠ ਬਾਜ਼ਾਰ, ਵਣਜ ਵਪਾਰ ਅਤੇ ਕਾਰੋਬਾਰੀ ਅਦਾਰੇ ਹੀ ਨਹੀਂ ਆਏ ਬਲਕਿ ਸਭ ਤੋਂ ਵੱਧ ਜੋ ਨਾਕਾਰਾਤਮਕ ਅਤੇ ਕਰੂਰਤਾ ਭਰਪੂਰ ਸਚਾਈ ਉਜਾਗਰ ਹੋਈ ਹੈ। ਇੰਜ ਮਾਨਵੀ ਸੰਵੇਦਨਾਵਾਂ ਅਤੇ ਰਿਸ਼ਤਿਆਂ ਦਾ ਵੀ ਉਪਭੋਗੀਕਰਨ ਅਤੇ ਬਾਜ਼ਾਰੀਕਰਨ ਹੋ ਚੁੱਕਾ ਹੈ। ਖੁੱਲੀ ਮੰਡੀ ਵਰਤਾਰੇ ਨੇ ਸਾਡੀਆਂ ਪਰਿਵਾਰਕ ਸਮਾਜਕ ਰਹਿਤਲ ਅਤੇ ਸਭਿਆਚਾਰਕ ਚੌਗਿਰਦੇ ਨੂੰ ਵੀ ਪੂਰੀ ਢਾਹ ਲਾਈ ਹੈ। ਜਿੰਨ੍ਹਾਂ ਨਾਲ ਪਰਿਵਾਰਕ ਸਮਾਜਕ ਰਿਸ਼ਤਾਨਾਤਾ ਪ੍ਰਬੰਧ ਵਿਚ ਬੇਵਿਸ਼ਵਾਸ਼ੀ, ਆਪੋ-ਧਾਪੀ, ਮਤਲਬੀ ਪ੍ਰਸਤੀ, ਬੇਈਮਾਨੀ, ਲਾਲਸਾ, ਖ਼ਪਤਕਾਰੀ ਵਿਸੰਗਤੀਆਂ ਨੇ ਆਪਣੀ ਕਰੂਰਤਾ ਦਿਖਾਈ ਹੈ। ਸਿੱਟੇ ਵਜੋਂ ਮਨੁੱਖ ਆਪਣੇ-ਆਪ ਤੱਕ ਹੀ ਸੁੰਗੜਦਾ ਜਾ ਰਿਹਾ ਹੈ। ਨਿਸ਼ਚਿਤ ਹੀ ਜਿਸ ਨਾਲ ਲੂਹ ਅਲਹੂ ਦੇ ਰਿਸ਼ਤਿਆਂ ਵਿੱਚ ਵਿਭਿੰਨ ਵਿਗਾੜ ਜਾਂ ਨਵੀਂ ਗੰਢਤੁਪ ਦੇਖਣ ਨੂੰ ਮਿਲ ਰਹੀ ਹੈ।

ਵਿਸ਼ਵੀਕਰਨ ਦੇ ਬਦਲਦੇ ਪਰਿਪੇਖ ਦਾ ਮਰਕਜ਼ ਮੱਧ ਵਰਗ ਹੀ ਰਿਹਾ ਹੈ। ਇਸ ਮੱਧ ਵਰਗ ਦੇ ਨਵੇਂ ਉਭਰਦੇ ਮਨੋਯਥਾਰਥ ਦੁਆਰਾ ਸਰਬ ਸਮੂਹਿਕ ਸਮਾਜਕ ਸਭਿਆਚਾਰ ਸੰਸਥਾਵਾਂ, ਸਥਾਪਤ ਸੰਕਲਪਾਂ ਅਤੇ ਸਰਬ ਪ੍ਰਮਾਣਤ ਮਾਣ-ਮਰਿਆਦਾਵਾਂ ਨੂੰ ਰੂਪਾਂਤਰਣ ਦੀ ਅਜਿਹੀ ਪ੍ਰਕਿਰਿਆ ’ਚ ਝੋਕ ਦਿੱਤਾ ਹੈ ਜੋ ਮੱਧ ਵਰਗ ਦੀ ਵਿਸ਼ਵ ਦ੍ਰਿਸ਼ਟੀ ਸਮੇਤ ਨਿੱਜੀਵਾਦ/ਪੂੰਜੀਵਾਦ ਦਾ ਸੰਕਲਪ ਹੀ ਮੂੰਹਜ਼ੋਰ ਸਰੋਕਾਰ ਹੋ ਨਿਬੜਿਆ ਹੈ। ਜਿਥੇ ਇਹ ਵਰਗ ਸੁਭਾਵਿਕ ਰੂਪ ’ਚ ਵਾਸਤਵਿਕਤਾ, ਸੁਪਨਿਆਂ ਅਤੇ ਆਂਕਖਿਆਵਾਂ ਦੀ ਜਦੋਂ ਜਹਿਦ ਦੇ ਅੰਤਰ-ਦਵੰਦਾਂ ’ਚ ਪੀੜਤ ਹੁੰਦਾ ਨਜ਼ਰੀਂ ਪੈਂਦਾ ਹੈ ਕਿਉਂਕਿ ਇਸ ਵਰਤਾਰੇ ਦੇ ਪੰਜਾਬੀ ਨਾਟਕ ਦੀ ਮੂਲ ਸੁਰ ਅਤੇ ਉਭਰਦੀ ਚਿੰਤਾ ਸਾਧਾਰਨ ਵਿਅਕਤੀ ਪ੍ਰਤੀ ਹੈ ਜੋ ਹਮੇਸ਼ਾਂ ਤੋਂ ਸਮਾਜ ਦੇ ਹਾਸ਼ੀਏ ’ਤੇ ਰਹੇ ਅਜਿਹੇ ਵਿਅਕਤੀ ਦੇ ਦੁੱਖ-ਸੁੱਖ, ਅੰਦਰ-ਬਾਹਰ ਦੀ ਟੁੱਟ-ਭੁੱਜ, ਉਸਦੇ ਰਿਸ਼ਤੇ ਨਾਤੇ, ਸਮਾਜਕ ਅਤੇ ਆਰਥਕ ਦੁਬਿਧਾਵਾਂ ਅਧੀਨ ਪਨਪਦੀ ਨਿਰਾਸ਼ਾ, ਕੁੰਠਾ ਅਤੇ ਅਜਿਹੀ ਸਥਿਤੀ ਦੇ ਖਿਲਾਫ਼ ਲੜਨ ਦਾ ਖਾਸਾ ਜ਼ਜ਼ਬਾ ਪੰਜਾਬੀ ਨਾਟਕ ਦੇ ਉਹ ਅਹਿਮ ਗੁਣ ਹਨ ਜਿਹੜੇ ਇਸਨੂੰ ਮਾਨਵੀ ਦਿੱਖ ਪ੍ਰਦਾਨ ਕਰਦੇ ਹਨ। ਲਿਹਾਜ਼ਾ ਇਸ ਸਦੀ ਦਾ ਪੰਜਾਬੀ ਨਾਟਕ ਵਿੱਚ ਸਦਾ ਰੰਗਮੰਚ ਸੰਦਰਭ ਇਸ ਦੀ ਮੁੱਖ ਪ੍ਰੇਰਕ ਸ਼ਕਤੀ ਰਹੇ ਹਨ ਪਰੰਤੂ ਇਹ ਦ੍ਰਿੜਤਾ ਨਾਲ ਆਖਿਆ ਜਾ ਸਕਦਾ ਹੈ। ਪੰਜਾਬੀ ਨਾਟਕ ਪੰਜਾਬੀ ਲੋਕਾਂ ਦੇ ਜੀਵਨ-ਸੰਕਟ ਦਾ ਨਾਟਕ ਹੈ ਅਤੇ ਜੀਵਨ ਇਸ ਦੀ ਗੰਭੀਰ ਚਿੰਤਾ ਹੈ। ਫ਼ਲਸਰੂਪ ਲੋਕ ਪੱਖੀ ਮਾਨਸਿਕਤਾ ਦੁਆਰਾ ਸਮਾਜਕ ਪਰਿਸਥਿਤੀਆਂ ਹਮੇਸ਼ਾਂ ਪੰਜਾਬੀ ਨਾਟਕ ਉੱਤੇ ਭਾਰੂ ਰਹੀਆਂ ਹਨ ਭਾਵ ਪੰਜਾਬੀ ਨਾਟਕ ਪਹਿਲੀ ਪੀੜ੍ਹੀ ਤੋਂ ਯਥਾਰਥਵਾਦੀ ਵਿਧੀ ਨਾਲ ਸਮਾਜਕ ਸਰੋਕਾਰਾਂ ਪ੍ਰਤੀ ਉਤਪੋਤ ਹੋ ਕੇ ਵਰਤਮਾਨ ’ਚ ਵੀ ਕਾਰਜ਼ਸ਼ੀਲ ਹੋ ਰਿਹਾ ਹੈ।

ਸਮਕਾਲੀ ਨਾਟਕ ਸਮਾਜ 'ਚ ਫੈਲੀਆਂ ਵਿਸ਼ਵਵਿਆਪੀ ਵਿਭਿੰਨ ਵਿਸੰਗਤੀਆਂ/ਸਮੱਸਿਆਵਾਂ ਨੂੰ ਪੇਸ਼ ਕਰਕੇ, ਜਿਨ੍ਹਾਂ ਪ੍ਰਤੀ ਪਾਠਕਾਂ/ਦਰਸ਼ਕਾਂ ਨੂੰ ਜਾਗਰੂਕ ਕਰਨਾ ਹੁੰਦਾ ਹੈ ਤਾਂ ਜੋ ਅਜਿਹੀਆਂ ਸਮੱਸਿਆਵਾਂ ਨੂੰ ਸਮਾਜ 'ਚੋ ਖ਼ਤਮ ਕੀਤਾ ਜਾ ਸਕਦੇ ਅਤੇ ਲੋਕ ਮਾਨਸਿਕਤਾ ਨੂੰ ਹੋਰ ਪ੍ਰਚੰਡ ਕੀਤਾ ਜਾਵੇ। ਮਾਰਫਿਨ ਐਸਲਿਨ ਅਨੁਸਾਰ, "ਨਾਟਕ ਸਮਾਜਕ ਪਰਿਵਰਤਨ ਦਾ ਸਾਧਨ ਹੋਣਾ ਚਾਹੀਦਾ ਹੈ ਅਤੇ ਇਹ ਦਿਲ ਦੀ ਥਾਂ ਸਿੱਖਿਆ ਦੇਵੇ।"[2] ਡਾ. ਗੁਰਦਿਆਲ ਸਿੰਘ ਫੁੱਲ, "ਨਾਟਕ ਜੀਵਨ ਵਿਚੋਂ ਜਨਮਦਾ ਹੈ, ਆਪਣੇ ਸਮਕਾਲੀ ਸਮੇਂ ਦੇ ਦਰਸ਼ਕਾਂ ਲਈ ਪਰਿਸਥਿਤੀਆਂ, ਹੋਣੀਆਂ, ਭਾਵੀਆਂ ਵਿੱਚ ਘਿਰੇ ਮਨੁੱਖ ਨੂੰ, ਜਿਹੜੀਆਂ ਮਨੁੱਖ ਨੂੰ ਮਾਰਦੀਆਂ, ਪਿੰਜਦੀਆਂ, ਉਸਾਰਦਿਆਂ, ਲਤਾੜਦਿਆਂ ਤੇ ਉਚਿਆਉਂਦੀਆਂ ਹਨ, ਆਪਣੇ ਹੁਣ ਵਿਚ ਘੋਲ ਘੁਲਦਿਆਂ ਦਿਖਾਉਂਦਾ ਹੈ।"[3] ਰੋਸ਼ਨ ਲਾਲ ਆਹੂਜਾ ਅਨੁਸਾਰ, "ਇਸ ਲਈ ਨਾਟਕ ਸਮਾਜਕ ਅਤੇ ਸਭਿਆਚਾਰਕ ਜੀਵਨ ਦੀ ਵਾਸਤਵਿਕਤਾ ਨੂੰ ਵਧੀਕ ਸੰਜੀਦਗੀ ਅਤੇ ਮਨੋਯਥਾਰਥਕਤਾ ਨਾਲ ਪੇਸ਼ਕਾਰੀ ਕਰਨ ਦੇ ਸਮਰੱਥ ਹੁੰਦਾ ਹੈ। ਨਾਟਕ ਦੁੱਖ ਅਤੇ ਸੁੱਖ ਦੇ ਪ੍ਰਭਾਵ ਹੇਠ ਲੋਕਾਂ ਦੇ ਵਿਵਹਾਰਾਂ ਦਾ ਇਸ਼ਾਰਿਆਂ ਰਾਹੀਂ ਅਭਿਨੈ ਹੈ। ਅਭਿਨੈ ਨਕਲ ਹੈ ਤੇ ਇਹ ਨਕਲ ਕਲਾਤਮਕ ਹੈ।"[4] ਉਪਰੋਕਤ ਵਿਚਾਰਾਂ ਤੋਂ ਸਾਫ਼ ਹੈ ਕਿ ਨਾਟਕ ਸਿਰਫ਼ ਨਾ ਮਾਤਰ ਮਨੋਰੰਜਨ ਦਾ ਹੀ ਵਸੀਲਾ/ਸਾਧਨ ਨਹੀਂ ਸਗੋਂ ਨਾਟਕ ਆਪਣੀ ਪ੍ਰਯੋਜਨਮੁਖਤਾ ਦਾ ਪ੍ਰਤੱਖ ਪ੍ਰਮਾਣ ਸਿੱਧ ਕਰਦਾ ਹੋਇਆ ਸਮਾਜ ਦੀ ਮਨੋਯਥਾਰਥਕ ਤਸਵੀਰ ਪੇਸ਼ ਕਰਕੇ ਨਿਰੋਇਆ ਸਮਾਜ ਸਿਰਜਣ ਲਈ ਵਿਸ਼ੇਸ਼ ਅਤੇ ਸੁਚੱਜਾ ਹੰਭਲਾ ਮਾਰਨ ਲਈ ਹਮੇਸ਼ਾ ਅਗਰਸਰ ਰਹਿੰਦਾ ਹੈ।

ਸਮਕਾਲੀ ਨਾਟਕਕਾਰ ਜਿੰਨ੍ਹਾਂ ਨੂੰ ਚੌਥੀ ਪੀੜ੍ਹੀ ਦੇ ਨਾਟਕਕਾਰ ਵੀ ਕਿਹਾ ਜਾਂਦਾ ਹੈ, ਵਿਚੋਂ ਵਿਚਾਰਯੋਗ ਨਾਟਕਕਾਰ ਹੈ ਵਰਿਆਮ ਮਸਤ। ਵਰਿਆਮ ਮਸਤ ਪੰਜਾਬੀ ਨਾਟ ਜਗਤ ਦਾ ਹੋਣਹਾਰ ਵਿਦਿਆਰਥੀ, ਨਿਪੁੰਨ ਅਦਾਕਾਰ ਅਤੇ ਸੁਚੇਤ ਨਿਰਦੇਸ਼ਕ ਸਮੇਤ ਸ਼ਸ਼ੱਕਤ ਨਾਟਕਕਾਰ ਵਜੋਂ ਲਗਾਤਾਰ ਅਹਿਮ ਭੂਮਿਕਾ ਨਿਭਾ ਰਿਹਾ ਹੈ। ਪੰਜਾਬੀ ਨਾਟ ਜਗਤ 'ਚ ਉਸ ਨੇ ਸਰਬਾਂਗੀ ਰੰਗਕਰਮੀ ਵਜੋਂ ਸਥਾਪਿਤ ਹੋ ਕੇ ਮੁੱਲਵਾਨ ਯੋਗਦਾਨ ਪਾਇਆ ਹੈ। ਵਸਤੂ ਵਿਧਾਨ ਪੱਖੋਂ ਉਸਦੇ ਨਾਟਕ ਸਮਾਜਕ ਸਰੋਕਾਰਾਂ ਨਾਲ ਉਤਪੋਤ ਹੁੰਦਿਆਂ ਹੋਇਆ ਅਜੋਕੇ ਸਮਾਜ ਦੀ ਉਪਭੋਗੀ ਮਾਨਸਕਿਤਾ ਅਤੇ ਖ਼ਪਤ ਸਭਿਆਚਾਰ ਨੂੰ ਵੀ ਸਹਿਜ ਰੂਪ 'ਚ ਬੇਨਕਾਬ ਕਰਨ 'ਚ ਸਪੱਸ਼ਟ ਅਤੇ ਸਮਰੱਥ ਤਸਵੀਰਕਸ਼ੀ ਕਰਦੇ ਹਨ।

ਵਿਸ਼ਵੀਕਰਨ ਦੌਰ 'ਚ ਪਰਿਵਾਰਕ ਅਤੇ ਸਮਾਜਕ ਤਾਣਾ ਬਾਣਾ ਬਹੁਤ ਗੁੰਝਲਦਾਰ ਰੂਪ ਅਖ਼ਤਿਆਰ ਕਰ ਗਿਆ ਹੈ। ਇਸ ਪਰਿਵਾਰਕ ਅਤੇ ਸਮਾਜਕ ਤਾਣੇ ਬਾਣੇ 'ਚ ਜੋ ਨਾਕਾਰਾਤਮਕ ਪਹਿਲੂ ਰਿਸ਼ਤਿਆਂ ਪ੍ਰਤੀ ਉਤਪੰਨ ਹੋ ਰਿਹਾ ਹੈ, ਦੀ ਪ੍ਰਸਤੁਤੀ ਵਰਿਆਮ ਮਸਤ ਹੁਰਾਂ ਦੇ ਚਰਚਿਤ ਨਾਟਕ 'ਰਿਸ਼ਤੇ' ਦੁਆਰਾ ਸ਼ਸ਼ਕੱਤ ਰੂਪ 'ਚ ਮਿਲਦੀ ਹੈ। 'ਰਿਸ਼ਤੇ' ਨਾਟਕ ਦੇ ਵਸਤੂਗਤ ਹੇਠਲੇ ਸਮਾਜਕ ਸਰੋਕਾਰ ਇਕ ਦੂਜੇ ਨਾਲ ਅੰਤਰ ਸੰਬੰਧਿਤ ਹੋ ਕੇ ਰੂਪਮਾਨ ਹੋ ਰਹੇ ਹਨ; ਨਿਮਨ ਕਿਸਾਨੀ ਜੀਵਨ ਦਾ ਪੇਤਲਾ ਅਰਥਚਾਰਾ, ਪਰਵਾਸ ਦਾ ਮਾਰੂ ਪ੍ਰਭਾਵ, ਦੋ ਪੀੜ੍ਹੀਆਂ ਦੀਆਂ ਕਦਰਾਂ-ਕੀਮਤਾਂ 'ਚ ਤਣਾਓ, ਰਿਸ਼ਤਿਆਂ ਦੀ ਟੁੱਟ-ਭੱਜ, ਨਸ਼ਿਆਂ ਦਾ ਨਾਕਾਰਾਤਮਕ ਪ੍ਰਭਾਵ, ਔਰਤ ਦੀ ਆਰਥਿਕ ਚੇਤਨਾ ਅਤੇ ਬਾਣੀਆਂ ਵਰਗ ਦੀ ਮਾਨਵੀ ਸੰਵੇਦਨਾ ਆਦਿਕ। ਬੇਸ਼ੱਕ ਉਪਰੋਕਤ ਸਰੋਕਾਰ ਜਿੱਥੇ ਮਹਿਜ਼ ਪਰਿਵਾਰਕ ਭਾਸਦੇ ਹਨ ਉਥੇ ਪਰੰਤੂ ਵਾਸਤਵਿਕਤਾ 'ਚ ਸਮੂਹਕ ਪੰਜਾਬ ਨਾਲ ਜੁੜੇ ਹੋਏ ਹਨ। ਇਹ ਘਰੇਲੂ ਨਾਲੋਂ ਸਮਾਜਿਕ ਸਮੂਹਿਕਤਾ ਨਾਲ ਜਿਆਦਾ ਜੁੜੇ ਹੋਏ ਹਨ। ਇਸ ਹੱਥਲੇ ਖੋਜ ਪਰਚੇ 'ਚ ਮੰਡੀ ਕਲਚਰ ਦੇ ਅੰਤਰਗਤ ਸਮਾਜਕ ਸਭਿਆਚਾਰਕ ਪ੍ਰਬੰਧਾਂ ਦੇ ਸੰਦਰਭ 'ਚ ਪਰਿਵਾਰਕ ਰਿਸ਼ਤਿਆਂ ਦੇ ਬਦਲਦੇ ਪਾਸਾਰਾਂ ਦਾ ਤਹਿਤ ਆਪਣਿਆਂ ਤੇ ਗ਼ੈਰਾਂ ਦੇ ਵਿਹਾਰ ਦਾ ਮੁਲਾਂਕਣ ਕੀਤਾ ਗਿਆ ਹੈ। ਨਿਮਨ ਕਿਸਾਨੀ ਪਰਿਵਾਰ 'ਚ ਦੋ ਪੀੜ੍ਹੀਆਂ ਦੀ ਆਰਥਿਕਤਾ ਪ੍ਰਤੀ ਘਰ-ਪਰਿਵਾਰ ਅਤੇ ਰਿਸ਼ਤਿਆਂ 'ਚ ਪੈਦਾ ਹੋਏ ਸੰਕਟ ਦੀ ਨਿਸ਼ਾਨਦੇਹੀ ਨੂੰ ਅਗਰਭੂਮਨ ਵਿਚ ਲਿਆਂਦਾ ਗਿਆ ਹੈ।

ਨਾਟਕ ਦੇ ਵਸਤੂਗਤ 'ਚ ਸਭ ਤੋਂ ਪਹਿਲਾਂ ਯਥਾਰਥਵਾਦੀ ਸਰੋਕਾਰ ਨਿਮਨ ਕਿਸਾਨੀ ਦਾ ਉਭਰਦਾ ਹੈ। ਦਰਅਸਲ ਪੰਜਾਬ ਮੁੱਖ ਤੌਰ 'ਤੇ ਪਿੰਡਾਂ ਦਾ ਸੂਬਾ ਹੈ। ਪੇਂਡੂ ਲੋਕਾਂ ਦਾ ਪ੍ਰਮੁੱਖ ਕਿੱਤਾ/ਰੁਜ਼ਗਾਰ ਖੇਤੀਬਾੜੀ ਹੈ ਧਨਾਢ ਕਿਸਾਨੀ ਅਤੇ ਨਿਮਨ ਕਿਸਾਨੀ, ਜ਼ਿਕਰਯੋਗ ਹੈ ਕਿ ਨਿਮਨ ਕਿਸਾਨੀ ਨਾਲ ਵਾਬਸਤਾ ਜੀਵਨ ਦੀ ਮੰਦਹਾਲੀ ਨੂੰ ਪੇਸ਼ ਕਰਦਾ ਇਹ ਇਕ ਪ੍ਰਤੀਨਿਧ ਨਾਟਕ ਹੈ, ਇਸ ਵਿਚ ਨਿਮਨ ਕਿਸਾਨੀ ਦੇ ਪਰਿਵਾਰ ਦੁਆਰਾ ਪੀੜ੍ਹੀਓ-ਪੀੜ੍ਹੀ ਹੰਢਾਈਆਂ ਜਾਂਦੀਆਂ ਅਨੇਕਾਂ ਤੰਗੀਆਂ ਤੁਰਸ਼ੀਆਂ ਦੇ ਆਰਥਿਕ, ਸਮਾਜਕ, ਮਨੋਵਿਗਿਆਨਕ ਕਾਰਨ ਅਤੇ ਰਾਜਨੀਤਿਕ ਇਜ਼ਾਰੇਦਾਰੀ ਤੇ ਸਾਮਰਾਜੀ ਤਾਕਤਾਂ ਆਦਿ ਦੀ ਪ੍ਰਤੱਖ-ਅਪ੍ਰਤੱਖ ਨਿਭਾਈ ਜਾ ਰਹੀ ਭੂਮਿਕਾ ਨੂੰ ਮਹੱਤਵਪੂਰਨ ਰੂਪ ਚਿਤਰਿਆ ਗਿਆ ਹੈ। ਨਾਟਕ ਅਨੁਸਾਰ ਬੰਤਾ ਸਿੰਘ ਇਕ ਮਿਹਨਤਕਸ਼ ਤੇ ਇਮਾਨਦਾਰ ਕਿਸਾਨ ਹੈ। ਉਸਦੇ ਪਰਿਵਾਰ 'ਚ ਪਤਨੀ ਸਮੇਤ ਦੋ ਮੁੰਡੇ ਅਤੇ ਇਕ ਨੂੰਹ ਸ਼ਾਮਿਲ ਹਨ। ਥੋੜੀ ਭੋਇੰ ਪਰ ਵਧੀਕ ਮਿਹਨਤ ਕਰਕੇ ਉਸ ਦੀ ਕਿਸਾਨੀ ਲਗਾਤਾਰ ਘਾਟੇ 'ਚ ਜਾ ਰਹੀ ਹੈ ਭਾਵ ਘਰ ਬਾਰ ਦੀ ਆਰਥਿਕਤਾ ਬੁਰੀ ਤਰ੍ਹਾਂ ਡਾਵਾਂ ਡੋਲ ਹੋ ਚੁੱਕੀ ਹੈ। ਨਾਟਕ 'ਰਿਸ਼ਤੇ' ਦੇ ਸੰਦਰਭ 'ਚ ਨਿਮਨ ਕਿਸਾਨ ਦੇ ਯਥਾਰਥ ਨੂੰ ਘੋਖਣ ਉਪਰੰਤ ਨਾਟਕੀ ਵਸਤੂਗਤ ਗਹਿਨ ਸੰਰਚਨਾ 'ਚੋਂ ਪੇਤਲੀ ਆਰਥਿਕਤਾ ਦੀ ਨਿਸ਼ਾਨਦੇਹੀ ਸਹਿਜ ਰੂਪ 'ਚ ਕੀਤੀ ਜਾ ਸਕਦੀ ਹੈ। ਆਧੁਨਿਕਤਾ ਦੇ ਪ੍ਰਵਾਹ ਹੇਠ ਹਰੇ ਇਨਕਲਾਬ ਨੇ ਖੇਤੀ ਦਾ ਰਵਾਇਤੀ ਢੰਗ ਤਰੀਕਾ ਪੂਰੀ ਤਰ੍ਹਾਂ ਬਦਲ ਦਿੱਤਾ। ਵਧੇਰੇ ਫ਼ਸਲੀ ਝਾੜ ਮੁਨਾਫ਼ੇ ਦੀ ਹੋੜ ਨੇ ਨਵੇਂ ਬੀਜ, ਮਹਿੰਗੀਆਂ ਕੀਟਨਾਸ਼ਕ ਦਵਾਈਆਂ ਤੇ ਸਪਰੇਆਂ, ਖੇਤੀ ਆਧਾਰਿਤ ਨਵੀਨ ਸੰਦ ਤਿਆਰ ਕੀਤੇ ਗਏ।

ਜਿੰਨ੍ਹਾਂ ਨਾਲ ਘੱਟ ਸਮੇਂ 'ਚ ਵਧੀਕ ਕੰਮ ਹੋਣ ਲੱਗਾ। ਇਸ ਵਰਤਾਰੇ ਦੀ ਚੌਧਰ ਨੇ ਸਿਰਕੱਢ/ਧਨਾਢ ਕਿਸਾਨੀ ਦੇ ਹੱਕ 'ਚ ਖਾਸਾ ਮੁਨਾਫ਼ਾ ਕੀਤਾ, ਜਿਸ ਸਦਕਾ ਧਨਾਢ ਕਿਸਾਨੀ ਮੁਨਾਫ਼ੇ ਵੱਲ ਅਤੇ ਨਿਮਨ ਕਿਸਾਨੀ ਹੋਰ ਘਾਟੇ/ਨਿਘਾਰ ਵੱਲ ਤੁਰ ਪਈ ਅਤੇ ਸੋਕੇ, ਹੜ੍ਹ ਅਤੇ ਗੜ੍ਹਿਆਂ ਦੀ ਕੁਦਰਤੀ ਮਾਰ ਵੱਖਰੀ ਤੌਰ 'ਤੇ ਝੱਲਣੀ ਪੈਂਦੀ ਹੈ। ਲਿਹਾਜ਼ਾ ਉਪਰੋਕਤ ਹਰੇਕ ਮਾਰ ਬੰਤਾ ਸਿੰਘ ਤੇ ਉਸਦੇ ਪਰਿਵਾਰ ਦੇ ਦਰਪੇਸ਼ ਹੋਈ ਹੈ ਜੋ ਨਾਟਕ ਚੋਂ ਪ੍ਰਤੱਖ ਦੇਖੀ ਜਾ ਸਕਦੀ ਹੈ। ਦੂਸਰੇ ਪਾਸੇ ਇਹ ਮਾਨਸਿਕ ਸਥਿਤੀ ਪੰਜਾਬ ਦੀ ਹੀ ਨਹੀਂ ਸਗੋਂ ਭਾਰਤੀ ਪੰਜਾਬੀ ਕਿਸਾਨੀ ਦੀ ਵੀ ਹੋ ਨਿਬੜੀ ਹੈ:

ਬੰਤਾ ਸਿੰਘ: ਕਾਲਿਆ! ਜੇ ਰੱਬ ਨੇ ਚਾਹਿਆ ਤਾਂ ਐਕਤੀ ਚਾਰ ਦਾਣੇ ਬਣ ਜਾਣਗੇ, ਪਿਛਲੇ ਤੋਂ ਪਿਛਲੇ ਸਾਲ ਗੜ੍ਹਿਆਂ ਨੇ ਮਾਰ ਤੇ, ਤੇ ਪਿਛਲੇ ਸਾਲ ਮਾਰ ਤੇ ਸੋਕੇ ਨੇ। ਨਾ ਤਾ ਕੋਈ ਬਿਜਲੀ ਮਿਲੀ ਤੇ ਨਾ ਮਿਲਿਆ ਪਾਣੀ।

ਕਾਲਾ: ਬਾਪੂ ਜਿਉਂਦਾ ਰਹੇ ਆਪਣਾ ਆਹ ਅਸ਼ਮਿੰਦਰ ਸਿੰਘ ਬੀ.ਡੀ.ਓ ਜਿਨ੍ਹੇ ਬੰਬੀ ਲਵਾਉਣ ਲਈ ਕਰਜ਼ਾ ਲੈਤਾ। ਨਾਲੇ ਮੈਨੂੰ ਲੈ ਗਿਆ ਲੁਧਿਆਣੇ ਉਥੋਂ ਦਵਾਇਆ ਵਧੀਆ ਬੀ। ਦੇਖੀਂ ਐਤਕੀਂ ਕਿੰਨਾ ਝਾੜ ਆਊ।

ਬੰਤਾ ਸਿੰਘ: ਆਹੋ ਪੁੱਤ ਫਸਲ ਚੰਗੀ ਹੋਵੇ ਤਾਂ ਜੱਟ ਦੇ ਵਾਰੇ ਨਿਆਰੇ ਹੋ ਜਾਂਦੇ ਐ। ਕਿਸੇ ਦੇ ਪੈਸੇ ਉਤਰਗਨੇ। ਮੈਨੂੰ ਤਾਂ ਕਾਲਿਆ, ਦਿਨ ਰਾਤ ਝੋਰਾ ਮਾਰੀ ਜਾਂਦੈ ਪਤਾ ਨਹੀਂ ਇਹ ਗਹਿਣੇ ਪਈ ਜ਼ਮੀਨ ਕਦੋਂ ਛੱਟੂ?

(ਰਿਸ਼ਤੇ,ਪੰਨਾ 43)

ਉਪਰੋਕਤ ਵਾਰਤਾਲਾਪ 'ਚੋਂ ਪੰਜਾਬ ਦੀ ਨਿਮਨ ਕਿਸਾਨੀ ਜੀਵਨ ਦੀ ਵਾਸਤਵਿਕਤਾ ਮਨੋਦਸ਼ਾ ਉਜਾਗਰ ਹੀ ਨਹੀਂ ਹੁੰਦੀ ਹੈ ਬਲਕਿ ਭਵਿੱਖ ਦਾ ਵਿਕਰਾਲ ਦ੍ਰਿਸ਼ ਵੀ ਪੇਸ਼ ਹੋ ਰਿਹਾ ਹੈ। "ਪੰਜਾਬ ਦੀ ਖੇਤੀ ਦੇ ਵਿਕਾਸ ਵਿਚ ਪਿਛਲੇ ਦਹਾਕੇ ਤੋਂ ਪਿੱਛਲ-ਮੋੜਾ ਆ ਚੁੱਕਿਆ ਹੈ ਜਿਸ ਨਾਲ ਕਿਸਾਨਾਂ ਦੀ ਆਮਦਨ ਵਿਚ ਗਿਰਾਵਟ ਆਈ ਹੈ ਅਤੇ ਖ਼ਰਚੇ ਵਧੇਰੇ ਹਨ। ਇਸ ਤੋਂ ਇਲਾਵਾ ਆਏ ਸਾਲ ਜੋਤਾਂ ਦਾ ਆਕਾਰ ਘੱਟਣ ਅਤੇ ਖੇਤੀ ਲਾਹੇਵੰਦ ਧੰਦਾ ਨਾ ਰਹਿਣ ਕਰਕੇ, ਕਿਸਾਨ ਕਰਜ਼ੇ ਦੇ ਬੋਝ ਥੱਲੇ ਦੱਬਦੇ ਜਾ ਰਹੇ ਹਨ। ਪਿਛਲੇ ਕੁਝ ਸਾਲਾਂ ਤੋਂ ਖੇਤੀ ਉਤਪਾਦਨ ਫ਼ਸਲਾਂ ਦੇ ਝਾੜ ਵਿਚ ਖੜੋਤ ਆ ਚੁੱਕੀ ਹੈ। ਖਰਚ ਤੇ ਆਮਦਨ ਦੇ ਵੱਡੇ ਪਾੜੇ ਕਾਰਕ ਕਿਸਾਨਾਂ ਸਿਰ ਕਰਜ਼ਾ ਚੜ੍ਹ ਰਿਹਾ ਹੈ। ਪੰਜਾਬ ਦੇ 72 ਫੀਸਦੀ ਕਿਸਾਨ ਕਰਜ਼ੇ ਹੇਠ ਹਨ ਜਦਕਿ 17 ਫੀਸਦੀ ਕਿਸਾਨ ਤਬਾਹੀ ਦੇ ਮੁਹਾਨੇ 'ਤੇ ਹਨ।"[5] ਦੂਸਰੇ ਪਾਸੇ ਪੰਜਾਬ ਖੇਤੀਬਾੜੀ ਸੂਬਾ ਹੋਣ ਕਰਕੇ ਫਾਡੀ ਹੋ ਗਿਆ ਜਦੋਂਕਿ ਬਾਕੀ ਭਾਰਤ ਦੀ ਦਸ਼ਾ ਵੀ ਕੋਈ ਚੰਗੇਰੀ ਨਹੀਂ ਹੈ। "ਇੰਜ ਮਹਿੰਗੇ ਹਰੇ ਇਨਕਲਾਬ ਦੀ ਖੜੋਤ ਨਾਲ ਆਰਥਿਕਤਾ ਦਿਨ-ਬ-ਦਿਨ ਗਿਰਾਵਟ ਵੱਲ ਜਾ ਰਹੀ ਹੈ। ਅਜਿਹੀ ਸਥਿਤੀ ਸਿਰਫ਼ ਪੰਜਾਬ ਦੀ ਹੀ ਨਹੀਂ ਬਲਕਿ ਆਂਧਰਾ ਪ੍ਰਦੇਸ਼, ਕਰਨਾਟਕ ਅਤੇ ਮਹਾਂਰਾਸ਼ਟਰ ਦੇ ਵੀ ਹਜ਼ਾਰਾਂ ਕਿਸਾਨ ਕਰਜ਼ਾ ਨਾ ਮੋੜ ਸਕਣ ਕਰਕੇ ਆਤਮ ਹੱਤਿਆਵਾਂ ਕਰਨ ਲਈ ਮਜ਼ਬੂਰ ਹੋ ਗਏ ਹਨ।"[6] ਸਿੱਟੇ ਵਜੋਂ ਨਿਰਾਸ਼ ਕਿਸਾਨ ਨਸ਼ਿਆਂ ਵੱਲ ਰੁਚਿਤ ਹੋ ਤੁਰੇ ਜਿਸ ਦਾ ਨਾਕਾਰਾਤਮਕ ਪ੍ਰਭਾਵ ਪਰਿਵਾਰ ਤੇ ਸਮਾਜ ਉੱਤੇ ਬਰਾਬਰ ਰੂਪ 'ਚ ਪ੍ਰਭਾਵਿਤ ਹੋ ਰਿਹਾ ਹੈ। ਨਾਟਕਕਾਰ ਸਪੱਸ਼ਟ ਕਰਦਾ ਹੈ ਕਿ ਹਰੇ ਇਨਕਲਾਬ ਦਾ ਆਧਾਰ ਵੀ ਪੂੰਜੀਵਾਦ ਦੀ ਹੀ ਉਪਜ ਹੈ, ਜਿਉਂ ਜਿਉਂ ਪੂੰਜੀਵਾਦ ਦਾ ਮਾਰੂ ਚਿਹਰਾ ਸਾਹਮਣੇ ਆਉਣ ਲੱਗਾ, ਨਤੀਜਤਨ ਕਿਸਾਨੀ ਸੰਕਟ ਹੋਰ ਗਹਿਰਾ ਹੋਣ ਦੀਆਂ ਅਨੇਕਾਂ ਸੰਭਾਵਨਾਂ ਵਧਣ ਲੱਗੀਆਂ। ਇਥੇ ਨਾਟਕਕਾਰ ਨੇ ਜੀਵਨ ਨੂੰ ਆਦਰਸ਼ਕ ਸੇਧ ਦੇਣ ਲਈ ਖ਼ੁਦਕੁਸ਼ੀ ਦੇ ਖ਼ਤਰਨਾਕ ਰੁਝਾਨ ਨੂੰ ਨਾਟਕੀ ਅੰਦਾਜ਼ ਨਾਲ ਘੋਰ ਨਿਰਾਸ਼ਾ ਨੂੰ ਆਸ਼ਵਾਦ ਵੱਲ ਮੋੜਾ ਦੇ ਕੇ ਸੁਨੇਹਾ ਦਿੱਤਾ ਹੈ। ਦੂਸਰਿਆਂ ਦਾ ਸਾਥ ਹੀ ਮਨੁੱਖ ਨੂੰ ਆਸ਼ਾਵਾਦੀ ਬਣਾਉਣ 'ਚ ਸਹਾਇਕ ਹੁੰਦਾ ਹੈ।

ਨਾਟਕ ਦੇ ਵਸਤੂ ਵਿਧਾਨ 'ਚ ਅਗਲਾ ਅਹਿਮ ਸਮਾਜਕ ਸਰੋਕਾਰ ਪਰਵਾਸ ਨਾਲ ਅੰਤਰ-ਸੰਬੰਧਿਤ ਹੈ। ਬੇਸ਼ੱਕ ਪੰਜਾਬ 'ਚੋਂ ਪਰਵਾਸ ਕਾਫੀ ਸਮੇਂ ਪਹਿਲਾਂ ਆਰੰਭ ਹੋ ਚੁੱਕਾ ਹੈ ਲੇਕਿਨ ਸਮਕਾਲੀ ਪਰਵਾਸ ਬੇਹੱਦ ਖ਼ਤਰਨਾਕ ਤੇ ਤ੍ਰਾਸਦਿਕ ਹੋ ਨਿਬੜਿਆ ਹੈ। "ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੀ ਟਿੱਪਣੀ, ਕਿ ਇਸ ਦੀ ਸਮੱਸਿਆ ਛੋਟੀ ਕਿਸਾਨੀ ਦੀ ਮਾੜੀ ਆਰਥਿਕਤਾ ਦੁਆਲੇ ਘੁੰਮਦੀ ਹੈ, ਬਿਲਕੁਲ ਦਰੁਸਤ ਹੈ। ਮਾਲੀ ਮੰਦਹਾਲੀ ਦੇ ਨਾਲ ਨਾਲ ਮਜ਼ਬੂਰੀ ਵੱਸ ਹੁੰਦਾ ਪਰਵਾਸ, ਰਿਸ਼ਤਿਆਂ ਨੂੰ ਕਿਵੇਂ ਘੁਣ ਵਾਂਗ ਖਾ ਰਿਹਾ ਹੈ, ਇਸ ਦੀ ਪੇਸ਼ਕਾਰੀ ਨਾਟਕ ਦੀ ਪ੍ਰਮੁੱਖ ਵਿਸ਼ੇਸ਼ਤਾ ਮੰਨੀ ਜਾ ਸਕਦੀ ਹੈ।"[7] ਪਰਵਾਸ ਅਜੋਕੇ ਪੰਜਾਬ ਦਾ ਭੱਖਦਾ ਮਸਲਾ ਹੈ। ਨਾਟਕ ਅਨੁਸਾਰ ਪਰਵਾਸ ਦਾ ਇਕ ਸਿਰਾ ਛੋਟੀ ਪੀੜ੍ਹੀ ਅਤੇ ਦੂਸਰਾ ਸਿਰਾ ਵੱਡੀ ਪੀੜ੍ਹੀ ਨਾਲ ਵਾਬਸਤਾ ਹੈ। ਅਜੋਕੀ ਛੋਟੀ ਪੀੜ੍ਹੀ (ਪੀਤੇ) ਦਾ ਵਿਦੇਸ਼ ਜਾਣ ਲਈ ਹੱਦੋਂ ਵੱਧ ਝੁਕਾਅ ਹੋਣਾ ਅਤੇ ਵੱਡੀ ਪੀੜ੍ਹੀ (ਬੰਤਾ ਸਿੰਘ) ਵਲੋਂ ਔਲਾਦ ਖਾਤਰ ਕੌੜਾ ਘੁੱਟ ਭਰਕੇ ਸਭ ਕੁਝ ਦਾਅ 'ਤੇ ਲਗਾ ਦੇਣਾ ਨਾ ਸਿਰਫ਼ ਬੰਤਾ ਸਿੰਘ ਦਾ ਘਰੇਲੂ ਮਸਲਾ ਹੈ ਹੁਣ ਇਹ ਸਮੁੱਚੇ ਪੰਜਾਬ ਦਾ ਪੇਚੀਦਾ ਮਸਲਾ ਬਣ ਚੁੱਕਾ ਹੈ। 'ਰਿਸ਼ਤੇ' ਨਾਟਕ ਇਹਨਾਂ ਸੰਕਟਕਾਲੀ ਪਰਿਸਥਿਤੀਆਂ ਨੂੰ ਹੀ ਵਾਸਤਵਿਕਤਾ ਸਮੇਤ ਨਿਮਨ ਕਿਸਾਨੀ ਨੂੰ ਆਧਾਰ ਬਿੰਦੂ ਮਿੱਥ ਕੇ ਮਾਰਮਿਕ ਤਸਵੀਰਕਸ਼ੀ ਵੀ ਪੇਸ਼ ਕਰਦਾ ਹੈ ਕਿਉਂਕਿ ਬੇਰੁਜ਼ਗਾਰੀ ਦੇ ਆਲਮ ਤੋਂ ਨਿਰਾਸ਼ਾ ਨੌਜਵਾਨ ਪੀੜ੍ਹੀ ਬੜੀ ਸ਼ਿੱਦਤ ਨਾਲ ਵਿਦੇਸ਼ਾਂ ਦੀ ਚੱਕਾ-ਚੌਂਧ, ਠਾਠ-ਬਾਠ ਨਾਲ ਰਹਿਣੀ-ਸਹਿਣੀ, ਪੌਂਡਾਂ ਤੇ ਡਾਲਰਾਂ ਨੂੰ ਇੱਕਠਾ ਕਰਨ ਜਾਂ ਕਮਾਉਣ ਦੀ ਲਾਲਸਾ ਲਈ ਪੱਬਾਂ ਭਾਰ ਹੋਈ ਪਈ ਹੈ। ਇਸ ਨਾਟਕ ਅਨੁਸਾਰ ਨਿਮਨ ਕਿਸਾਨ ਬੰਤਾ ਸਿਘ ਕਰਜ਼ੇ ਦੀ ਮਾਰ ਹੇਠ ਆਇਆ ਹੋਇਆ ਮਾਂ ਸਮਾਨ ਜ਼ਮੀਨ

ਬਾਣੀਏ ਕੋਲ ਗਹਿਣੇ ਰੱਖ ਆਪਣੇ ਪੁੱਤ ਪੀਤੇ ਨੂੰ ਵਿਦੇਸ਼ ਭੇਜਣ ਦਾ ਤਹੱਈਆ ਕਰਦਾ ਹੈ, ਤਾਂ ਜੋ ਬੰਤਾ ਸਿੰਘ ਅਤੇ ਘਰ ਪਰਿਵਾਰ ਦਾ ਭਵਿੱਖ/ਬੁਢਾਪਾ ਸੁਰੱਖਿਅਤ ਹੋ ਜਾਵੇਗਾ। ਲੇਕਿਨ ਸਥਿਤੀ ਉਦੋਂ ਹੋਰ ਟਕਰਾਉ ਤੇ ਤਨਾਉਸ਼ੀਲ ਹੋ ਨਿਬੜਦੀ ਹੈ।

ਜਦੋਂ ਨਾਟਕ ਵਿਚਲਾ ਪਾਤਰ ਬੰਤਾ ਸਿੰਘ ਸਮੇਤ ਪਰਿਵਾਰ ਦੇ ਭਵਿੱਖਤ ਸੁਪਨਿਆਂ ’ਤੇ ਪਾਣੀ ਫਿਰ ਜਾਂਦਾ ਹੈ, ਉਹ ਸਾਰੇ ਕੱਖੋਂ ਹੌਲੇ ਹੋਏ ਮਹਿਸੂਸ ਕਰਦੇ ਹਨ ਕਿਉਂਕਿ ਪੀਤਾ ਬਹੁਤ ਵਰ੍ਹਿਆਂ ਮਗਰੋਂ ਅਮਰੀਕਾ ਤੋਂ ਸੱਖਣੇ ਹੱਥੀਂ ਪਰਤਦਾ ਹੈ, ਜੋ ਘਰ ਆਉਂਦਿਆਂ ਸਾਰ ਹੀ ਆਪਣੇ ਘਰ’ਚੋਂ ਹਿੱਸਾ ਮੰਗਣ ਲੱਗਦਾ ਹੈ। ਇਹ ਟੱਕਰਮਈ ਸਥਿਤੀ ’ਚ ਸਾਰੇ ਪਰਿਵਾਰ ਦਾ ਵਰਤਮਾਨ ਵੀ ਦਾਅ ’ਤੇ ਲੱਗ ਜਾਂਦਾ ਹੈ, ਵਿਦੇਸ਼ ਤੋਂ ਪਰਤੇ ਪੀਤੇ ਦਾ ਮਾਤਾ-ਪਿਤਾ ਲਈ ਕੋਈ ਪ੍ਰੇਮ-ਪਿਆਰ/ਸਤਿਕਾਰ ਉਦਰੇਵਾਂ/ਖਿੱਚ ਅਤੇ ਨਾ ਹੀ ਕੋਈ ਮੋਹ ਭਾਵਨਾ ਉਜਾਗਰ ਹੁੰਦੀ ਹੈ ਸਗੋਂ ਨਿਰਮੋਹੀ ਲਾਪਰਵਾਹੀ, ਝਗੜਾਲੂ ਅਤੇ ਗੈਰ-ਜ਼ਿੰਮੇਵਾਰ ਵਿਹਾਰ ਕਰਦਾ ਹੈ। ਪੀਤੇ ਦਾ ਅਜਿਹਾ ਘਟੀਆ ਸੁਭਾ, ਉਸਦੇ ਨਿਕੰਮਾਪੁਣੇ ਅਤੇ ਆਯਸ਼ੀਪੁਣੇ ਨੂੰ ਭਲੀਭਾਂਤ ਪ੍ਰਗਟ ਕਰਦਾ ਹੈ। ਨਿੱਜੀ ਲਾਲਸਾ ਕਾਰਨ ਮਜ਼ਬੂਰ ਮਾਪਿਆਂ ਦੀ ਸਾਰ ਲੈਣਾ ਤਾਂ ਮੁਨਾਸਿਬ ਨਹੀਂ ਸਮਝਦਾ ਬੱਸ ਘਰ ’ਚੋਂ ਹਿੱਸਾ ਲੈਣਾ ਹੱਕ ਸਮਝਦਾ ਹੈ। ਅਜਿਹੀ ਸਥਿਤੀ ਦਾ ਵਿਸ਼ਲੇਸ਼ਣ ਇਹ ਕੌੜਾ ਸੱਚ ਪੇਸ਼ ਕਰਦਾ ਹੈ ਕਿ ਪੀਤਾ ਪੈਸੇ ਦਾ ਪੁੱਤ ਬਣ ਚੁੱਕਾ ਹੈ ਨਾ ਕਿ ਬੰਤਾ ਸਿੰਘ ਤੇ ਪ੍ਰੇਮੀ ਦਾ ਪੁੱਤ। ਪੀਤੇ ਦੇ ਅਜਿਹੇ ਘਟੀਆ ਬੋਲ ਤੇ ਮਾੜਾ ਵਿਹਾਰ ਨਾਟਕ ’ਚੋਂ ਦੇਖਿਆ ਜਾ ਸਕਦਾ ਹੈ:

ਬੰਤਾ ਸਿੰਘ : ਤੂੰ ਏਨੇ ਸਾਲਾਂ ਬਾਅਦ ਪਰਤਿਆ। ਪੱਲੇ ਕੁਝ ਨੀ ਲੈ ਕੇ ਆਇਆ?

ਪੀਤਾ : ਸਵਾਹ ਤੇ ਖੇਹ ਲੈ ਕੇ ਆਇਆ। ਲੋਕ ਸੁਪਨੇ ਲੈਂਦੇ ਨੇ ਕਿ ਅਮਰੀਕਾ ਸੋਨੇ ਦੇ ਡਲੇ ਨੇ, ਸੋਨੇ ਦੀਆਂ ਖਾਣਾਂ ਨੇ। ਸਾਡਾ ਤਾਂ ਦਾਲ-ਫੁਲਕਾ ਨੀ ਚਲਦਾ। ਨਾਲੇ ਮੈਂ ਨੀ ਮੁੜ ਕੇ ਆਉਣਾ, ਇਸ ਲਈ ਮੇਰਾ ਫੈਸਲਾ ਕਰ ਦੋ।

ਕਾਲਾ : ਕੀ ਤੜਕੇ ਤੜਕੇ ਅਸਮਾਨ ਸਿਰ ’ਤੇ ਚੁਕਿਐ?

ਬੰਤਾ ਸਿੰਘ : ਅਸਮਾਨ ਤਾਂ ਸਿਰ ’ਤੇ ਡਿੱਗ ਪਿਆ ਪੁੱਤ।

ਪ੍ਰੇਮੀ : ਪੁੱਤਾ ਸਾਰੀ ਉਮਰ ਲੰਘਾ ਤੀ ਆਸ ’ਤੇ। ਦੀਦੇ ਰਹਿ ਗਏ ਉਡੀਕਦਿਆਂ। ਤੂੰ ਤਾਂ ਆ ਕੇ ਪਾਣੀ ਫੇਰ ਤਾ।

ਕਾਲਾ : ਗੱਲ ਕੀ ਹੋਈ ਬੇਬੇ?

ਪ੍ਰੇਮੀ : (ਪੀਤਾ) ਕਹਿੰਦਾ ਮੈਨੂੰ ਮਕਾਨ ’ਚੋਂ ਅੱਧ ਦਿਉ।

ਕਾਲਾ : ਬਾਈ ਤੂੰ ਤਾਂ ਸਿਆਣਾ ਬਿਆਣਾ। ਜੇ ਆਹ ਝੁੱਗੀ ਵੀ ਵੇਚ ਤੀ ਤਾਂ ਅਸੀਂ ਕਿੱਥੇ ਜਾਵਾਂਗੇ?

ਪੀਤਾ : ਤੁਸੀ ਜਾਉ ਢੱਠੇ ਖੂਹ ’ਚ ਮੈਂ ਠੇਕਾ ਲਿਆ?

ਪ੍ਰੇਮੀ : ਪੁੱਤਰ ਤੇਰੇ ਕੋਲੋਂ ਕੀ ਲੁਕਿਐ।

ਬੰਤਾ ਸਿੰਘ : ਪਹਿਲਾਂ ਤੂੰ ਸਾਡੀ ਪਿੱਠ ਲੁਆ ਤੀ।

ਪੀਤਾ : ਬਹੁਤੀਆਂ ਕਹਾਣੀਆਂ ਨਾ ਪਾਓ, ਫੌਰਨ ਪੈਸੇ ਦਾ ਇੰਤਜ਼ਾਮ ਕਰੋ। ਹੋਰ ਨਾ ਮੈਥੋਂ ਕਰਾ ਲਿਓ ਕਾਰਾ।

ਕਾਲਾ : ਉਏ ਨਗੋੜਿਆ, ਤੈਨੂੰ ਸ਼ਰਮ ਨੀ ਆਉਂਦੀ ਬੇਬੇ ਬਾਪੂ ਨੂੰ ਇਉਂ ਬੋਲਦੈਂ?

ਪੀਤਾ : ਸਾਡੇ ਲੋਕਾਂ ਨੂੰ ਕੋਈ ਸ਼ਰਮ ਨਹੀਂ ਸਾਡਾ ਇਮਾਨ ਤਾਂ ਪੈਸੇ। (ਪੰਨਾ 54-55)

ਇਥੇ ਨਾਟਕਕਾਰ ਦ੍ਰਿੜ ਕਰਵਾਉਂਦਾ ਹੈ ਕਿ ਪਰਵਾਸ ਮਾੜਾ ਨਹੀਂ ਲੇਕਿਨ ਬੰਦੇ ਦੀ ਨਿਰਮੋਹੀ ਤੇ ਉਪਭੋਗੀ ਮਾਨਸਿਕਤਾ ’ਚ ਕਿੱਥੇ ਤੱਕ ਨਿਘਾਰ ਆ ਸਕਦਾ ਹੈ। ਅਜਿਹੀ ਖੁਸ਼ਕ ਬਿਰਤੀ ਨੂੰ ਨਾਟਕਕਾਰ ਬਾਖੂਬੀ ਨਸ਼ਰ ਕਰਦਿਆਂ ਹੋਇਆ ਨਾਟਕ ਦੇ ਸਿਰਲੇਖ ‘ਰਿਸ਼ਤੇ’ ਬਾਬਤ ਵੀ ਪਰਤਾਂ ਉਧੜੇਦਾ ਨਜ਼ਰ ਆਉਂਦਾ ਹੈ ਕਿ ਕਿਵੇਂ ਆਪਣੇ ਲਹੂ ਦੇ ਰਿਸ਼ਤੇ ਸਫ਼ੇਦ ਜਦੋਂਕਿ ਗ਼ੈਰ ਲਹੂ ਦੇ ਰਿਸ਼ਤੇ ਅਪਣੱਤ, ਸਨੇਹ ਅਤੇ ਹਮਦਰਦੀ ਨਾਲ ਲਬਰੇਜ਼ ਮੋਢੇ ਨਾਲ ਮੋਢੇ ਜਾਂ ਮੁਸੀਬਤ ਵੇਲੇ ਬਾਂਹ ਫੜਣ ਦੇ ਲਈ ਹਿੰਮਤ, ਹੱਲਾਸ਼ੇਰੀ ਅਤੇ ਆਸ਼ਾਵਾਦ ਦਾ ਰਾਹ ਦਿਖਾਉਂਦੇ ਹਨ।

ਅਜੋਕੀ ਨਵੀਂ ਪੀੜ੍ਹੀ ਲਈ ਘਰ ਪਰਿਵਾਰ ਪ੍ਰਤੀ ਅਜਿਹੇ ਅਮਾਨਵੀ ਵਿਹਾਰ ਦਾ ਬੱਢੇ ਮਾਂ ਬਾਪ ਲਈ ਅਸਹਿਣਯੋਗ ਵਰਤਾਰਾ ਹੋ ਨਿਬੜਦਾ ਹੈ। ਭਾਵ ਪੁੱਤ ਕਪੁੱਤ ਵਾਲੀ ਸਥਿਤੀ ਸਪੱਸ਼ਟ ਹੋ ਰਹੀ ਹੈ। ਇਹ ਖੱਪਤਕਾਰੀ ਕਲਚਰ ਦਾ ਸੁਭਾਅ ਹੈ ਕਿ ਤੁਹਾਨੂੰ ਉਹ ਕੋਈ ਚੀਜ਼/ਵਸਤ ਕਬੂਲ ਨਹੀਂ ਜੋ ਤੁਹਾਡੇ ਮੁਨਾਫ਼ੇ ਦੇ ਰਾਹ ਵਿਚ ਰੋਕ ਪਾਉਂਦੀ ਹੈ ਭਾਵੇਂ ਉਹ ਤੁਹਾਡੇ ਮਾਂ-ਬਾਪ ਜਾਂ ਪਰਿਵਾਰ ਹੀ ਕਿਉਂ ਨਾ ਹੋਵੇ। ਲਿਹਾਜ਼ਾ ‘ਖਾਓ ਪੀਓ ਤੇ ਐਸ਼ ਕਰੋ’ ਦੀ ਨੀਤੀ ਬੇਸ਼ੱਕ ਨਵੀਂ ਪੀੜ੍ਹੀ (ਪਰਵਾਸੀਆਂ) ਲਈ ਸੁਖਾਂਵੀ ਹੋਵੇ ਲੇਕਿਨ ਪੰਜਾਬੀ ਨਿਮਨ ਕਿਸਾਨ ਵਰਗ ’ਚੋਂ ਵੱਡੀ ਪੀੜ੍ਹੀ ਲਈ ਇਕ ਕਸ਼ਟਕਾਰੀ ਵਰਤਾਰਾ ਹੈ। ਇਸ ਪ੍ਰਕਾਰ ਨਾਟਕਕਾਰ ਸਪੱਸ਼ਟ ਕਰਦਾ ਹੈ ਕਿ ਪੱਛਮੀ ਕਲਚਰ ਦੀ ਲਪੇਟ ’ਚ ਆਈ ਸਵੈ ਕੇਂਦਰਿਤ ਨਵੀਂ ਪੀੜ੍ਹੀ ਦਾ ਪਰਿਵਾਰਕ ਰੀਤੀ ਰਿਵਾਜ਼, ਮਾਣ-ਮਰਿਆਦਾ ਅਤੇ ਬਜ਼ੁਰਗ ਮਾਂ-ਬਾਪ ਨੂੰ ਅੱਖੋਂ ਪਰੋਖੇ ਕਰਨਾ ਬੇਹੱਦ ਚਿੰਤਾਜਨਕ ਵਿਸ਼ਾ ਬਣ ਰਿਹਾ ਹੈ। ਦਰਅਸਲ ਦੋਵੇਂ ਪੀੜ੍ਹੀਆਂ ਦੇ ਅਰਥਚਾਰੇ ਪ੍ਰਤੀ ਵੱਖੋ-ਵੱਖ ਪੈਮਾਨੇ ਹਨ, ਪਰੰਤੂ ਨਿੱਜਵਾਦੀ ਨਵੀਂ ਪੀੜ੍ਹੀ ਲਈ ਜਿਥੇ ਇਹ ਸਭ ਕੁਝ ਜਸ਼ਨ ਸਮਾਨ ਹੈ ਉੱਥੇ ਕਦਰਾਂ ਕੀਮਤਾਂ ਭਰਪੂਰ ਵੱਡੀ ਪੀੜ੍ਹੀ ਲਈ ਮਰਨ ਸਮਾਨ ਹੋ ਜਾਂਦਾ ਹੈ। ਨਾਟਕਕਾਰ ਸਮਾਜ ਨੂੰ ਇਕ ਪ੍ਰਸ਼ਨ ਵੀ ਕਰਦਾ ਹੈ ਕੀ ਬੁੱਢੇਵਾਰੇ ਮਾਂ-ਪਿਓ ਨੂੰ ਨਜ਼ਰਅੰਦਾਜ਼ ਕਰਨਾ ਠੀਕ ਹੈ?

ਇਸ ਨਾਟਕ ਦਾ ਅਗਲਾ ਸਰੋਕਾਰ ਨਾਰੀ ਜਾਤੀ ਦੀ ਵਿਦਿਅਕ ਅਤੇ ਆਰਥਿਕ ਚੇਤਨਾ ਨਾਲ ਜੁੜਿਆ ਹੋਇਆ ਹੈ। ਜਿੱਥੇ ਵਿਸ਼ਵੀਕਰਨ ਨੇ ਨਾਕਾਰਤਮਕ ਪੱਖ ਪੇਸ਼ ਕੀਤੇ ਹਨ ਉਥੇ ਕੁਝ ਕੁ ਸਾਕਾਰਤਮਕ ਵੀ ਹਨ ਜੋ ਇਥੇ ਦੇਖਣ ਨੂੰ ਮਿਲਦਾ ਹੈ ਖਾਸ ਕਰਕੇ ਨਾਰੀ ਦੀ ਚੇਤਨਾ ਪ੍ਰਤੀ। ਨਾਟਕ 'ਚੋਂ ਦੋ ਮੁੱਖ ਔਰਤ ਪਾਤਰ ਹਨ ਜਿੰਨ੍ਹਾਂ 'ਚੋਂ ਇਕ ਪ੍ਰੇਮੀ (ਮਾਂ) ਅਤੇ ਦੂਸਰੀ ਮਨਿੰਦਰ (ਨੂੰਹ) ਹੈ। ਇਹ ਦੋਵੇਂ ਔਰਤਾਂ ਅਸਲ 'ਚ ਸੁਭਾ ਪੱਖੋਂ ਤਾਂ ਪਰੰਪਰਾਵਾਦੀ ਹੀ ਹਨ ਪਰੰਤੂ ਇਕ ਕੋਰੀ ਅਨਪੜ੍ਹ ਹੈ ਜੋ ਭਾਵਨਾਵਾਂ ਦੀ ਮੂਰਤ ਹੈ। ਦੂਸਰੀ ਆਧੁਨਿਕ ਵਿਚਾਰਾਂ ਵਾਲੀ ਪੜ੍ਹੀ-ਲਿਖੀ ਤੇ ਤਰਕ ਦਲੀਲ ਦੇ ਭਾਵਾਂ ਨਾਲ ਲਬਰੇਜ਼ ਹੈ। ਮਨਿੰਦਰ ਚੰਗੇ ਮਾੜੇ ਵਰਤਾਰੇ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ, ਦਲੇਰ ਅਤੇ ਮਿਹਨਤੀ ਹੋਣ ਸਦਕਾ ਆਸ਼ਾਵਾਦੀ ਮਾਦਾ ਰੱਖਦੀ ਹੈ। ਪ੍ਰੇਮੀ ਅਜਿਹੀ ਔਰਤ ਪਾਤਰ ਵਜੋਂ ਸਾਹਮਣੇ ਆਉਂਦੀ ਹੈ ਜੋ ਵੱਡੀ ਪੀੜ੍ਹੀ ਭਾਵ ਇਕੋ ਵੇਲੇ ਪਤੀ ਤੇ ਪੁੱਤਰ ਦੋ-ਪੁੜਾਂ ਪਿਤਰੀ ਸੱਤਾ ਦੇ ਵਿਚਕਾਰ ਪਿਸ ਰਹੀ ਹੈ। ਪਰੰਤੂ ਉਸਦੇ ਉਲਟ ਮਨਿੰਦਰ ਨੌਕਰੀਪੇਸ਼ਾ ਹੋਣ ਕਾਰਨ ਘਰ ਦੀ ਕਮਜ਼ੋਰ ਆਰਥਿਕਤਾ ਨੂੰ ਮਜ਼ਬੂਤ ਕਰਨ ਹਿੱਤ ਵਿੱਤੋਂ ਪੂਰਾ ਸਹਿਯੋਗ ਦੇ ਰਹੀ ਹੈ। ਜਦੋਂ ਪੀਤਾ ਘਰ 'ਚੋਂ ਹਿੱਸਾ ਤੇ ਉਸ ਦੇ ਘੁੰਡ ਵਾਲੀ ਰੀਤ ਪ੍ਰਤੀ ਤਨਜ਼ ਕੱਸਦਾ ਹੈ ਤਾਂ ਮਨਿੰਦਰ ਤਟਫੱਟ ਮੋੜਵਾਂ ਜਵਾਬ ਦੇ ਕੇ ਉਸਨੂੰ ਕੁਝ ਹੋਰ ਕਹਿਣ ਤੋਂ ਵਰਜ ਦਿੰਦੀ ਹੈ। ਉਸ ਦਾ ਅਜਿਹਾ ਵਿਹਾਰ ਸਿੱਧੇ ਤੌਰ ਤੇ ਪਿੱਤਰੀ ਸੱਤਾ ਨੂੰ ਵੰਗਾਰਦਾ ਹੈ। ਦਰਅਸਲ ਮਨਿੰਦਰ ਨੂੰਹ ਦੇ ਰਿਸ਼ਤੇ ਤੋਂ ਉੱਪਰ ਹੋਕੇ ਤੇ ਰਿਸ਼ਤਿਆਂ ਦੀ ਦਿਲੋਂ ਹਾਮੀ ਭਰਦੀ ਹੋਈ ਆਪਣਿਆਂ ਦਾ ਹੌਂਸਲਾ ਵਧਾਉਂਦੀ ਹੈ। ਸਾਇਕਲ ਲੈਣ ਦੇ ਪੈਸੇ ਆਪਣੇ ਪਰਿਵਾਰ ਦੇ ਸੁੱਖ ਚੈਨ ਲਈ ਵਾਰ ਦੇਣ ਨੂੰ ਤਰਜ਼ੀਹ ਦਿੰਦੀ ਹੋਈ ਆਖਦੀ ਹੈ:

ਮਨਿੰਦਰ : ਤੁਸੀਂ ਹੌਸਲਾਂ ਰੱਖੋ, ਮੇਰੇ ਜੀ.ਪੀ.ਐਫ਼ ਵਿੱਚ ਜਿੰਨੇ ਪੈਸੇ ਨੇ, ਕਢਾ ਕੇ, ਤੁਹਾਨੂੰ ਦੇ ਦੇਊਂ। ਪਰ ਮੈਂ ਇਹਨਾਂ ਦਾ ਵਾਲ ਵਿੰਗਾ ਨਹੀ ਹੋਣ ਦੇਣਾ। ਕੀ ਹੋਇਆ ਏਨ੍ਹਾ ਦਾ ਪੁੱਤ ਸਾਥ ਛੱਡ ਗਿਐ? ਮੈਂ ਪੁੱਤ ਬਣ ਕੇ ਸਹਾਰਾ ਦੇਵਾਂਗੀ।

ਪ੍ਰੇਮੀ : ਜੁਗ ਜੁਗ ਜੀ ਮੇਰੀ ਧੀਏ, ਤੇਰੀ ਵਰਗੀ ਨੂੰਹ ਸਭ ਨੂੰ ਨਸੀਬ ਹੋਵੇ।

ਬੰਤਾ : ਤੂੰ ਤਾਂ ਸਾਡੀਆਂ ਕੁੱਲਾਂ ਤਾਰ ਤੀਆਂ ਧੀਏ।

ਮਨਿੰਦਰ : ਬੇਬੇ ਜੀ ਆਹ ਲੋ ਹਜ਼ਾਰ ਰੁਪਿਆ? (ਪੰਨਾ 58)

ਉਪਰੋਕਤ ਪਹਿਲੂ ਨੂੰ ਨਾਟਕਕਾਰ ਨੇ ਚਿਤਰਕੇ ਪੰਜਾਬੀ ਸਮਾਜ 'ਚੋਂ ਨੂੰਹ ਦਾ ਰਵਾਇਤੀ ਬਿੰਬ ਤੋੜ ਕੇ ਨਵੀਂ ਪਿਰਤ ਪਈ ਹੈ, ਜਿਸ 'ਚ ਉਹ ਸਫ਼ਲ ਹੋਇਆ ਹੈ। ਮਨਿੰਦਰ ਦੇ ਸੁਭਾਅ ਦਾ ਇਹ ਮਾਨਵੀ ਪਹਿਲੂ ਧੀ ਨੂੰਹ ਨਾਲੋਂ ਵੱਧ ਆਧੁਨਿਕ ਤੇ ਚੇਤਨ ਔਰਤ ਦੇ ਹੱਕ 'ਚ ਵਧੀਕ ਤੌਰ ਤੇ ਭੁਗਤਦਾ ਹੈ ਜੋ ਹਰ ਤਰ੍ਹਾਂ ਨਾਲ ਪਰਿਵਾਰਕ ਮਸਲਿਆਂ ਬਾਰੇ ਪੂਰਾ ਆਰਥਿਕ ਸਹਿਯੋਗ ਪਾ ਕੇ ਜ਼ਿੰਮੇਵਾਰੀ ਨਿਭਾ ਰਹੀ ਹੈ ਅਤੇ ਔਰਤ ਦੇ ਅਸਤਿਤਵ ਨੂੰ ਅਗਾਂਹਵਧੂ ਸਥਾਪਿਤ ਕਰ ਰਹੀ ਹੈ।

ਨਾਟਕਕਾਰ ਦੀ ਵਿਚਾਰਧਾਰਾ ਸਿੱਧ ਕਰਦੀ ਹੈ ਕਿ ਵੱਡੀ ਪੀੜ੍ਹੀ ਦੀਆਂ ਕਦਰਾਂ-ਕੀਮਤਾਂ ਵਿਚ ਮੋਹ ਪਿਆਰ, ਭਗਤੀਭਾਵ, ਦੁੱਖ ਸੁੱਖ 'ਚ ਭਾਗੀਦਾਰ ਹੋਣਾ ਅਤੇ ਔਖੇ ਸੌਖੇ ਵਕਤ ਮਦਦ ਕਰਨ ਦਾ ਮਾਦਾ ਜਿਉਂਦਾ ਹੈ। ਇਸ ਦੇ ਉਲਟ ਨਵੀਂ ਪੀੜ੍ਹੀ 'ਚ ਆਪਾ-ਧਾਪੀ, ਚੰਮ ਖੁਸ਼ੀਆਂ 'ਚ ਗੁਲਤਾਨ, ਪੈਸਾ ਇੱਕਤਰ ਕਰਨ ਦੀ ਹੋੜ, ਸਵੈਕੇਂਦਰਿਤ ਹੋਣਾ ਆਦਿ ਕੁੱਲ ਮਿਲਾ ਕੇ ਮਾਨਵੀ ਸਦਾਚਾਰਕ ਗੁਣਾਂ ਦਾ ਗਰਾਫ਼ ਲਗਾਤਾਰ ਡਿੱਗ ਰਿਹਾ ਹੈ। ਇਨ੍ਹਾਂ ਖੱਪਤਕਾਰੀ ਰੁਚੀਆਂ ਕਰਕੇ ਰਿਸ਼ਤਿਆਂ ਦੀ ਸਮੀਕਰਨ ਬਦਲ ਰਹੀ ਹੈ। ਖ਼ਾਸ ਕਰਕੇ ਬਜ਼ੁਰਗਾਂ ਤੋਂ ਜ਼ਮੀਨ-ਜਾਇਦਾਦ ਲੈ ਕੇ ਉਨ੍ਹਾਂ ਦੀ ਸ਼ਰੇਆਮ ਅਣਦੇਖੀ ਤੇ ਬੇਪੱਤੀ ਕੀਤੀ ਜਾ ਰਹੀ ਹੈ, ਖ਼ਾਸ ਕਰਕੇ ਪੁੱਤ ਵਲੋਂ। ਇਸ ਸੰਵੇਦਨਸ਼ੀਲ ਵਿਸ਼ੇ ਦੀ ਗੂੰਜ ਵੀ ਨਾਟਕ 'ਚੋਂ ਸਿਧੇ ਅਸਿੱਧੇ ਰੂਪ 'ਚ ਉਭਰਦੀ ਹੈ।

ਨਾਟਕ ਦੇ ਸਿਖ਼ਰ 'ਚ ਪਾਤਰ ਸੁੰਦਰ ਬਾਣੀਆਂ ਪੇਂਡੂ ਰਹਿਤਲ ਨਾਲ ਜੁੜਿਆ ਹੋਣ ਕਾਰਨ ਖ਼ਪਤਕਾਰੀ ਮਨਸ਼ਾ ਤੋਂ ਅਣਭਿੱਜ ਹੈ ਤੇ ਮਾਨਵੀ ਸੰਵੇਦਨਾ ਦਾ ਪੱਲਾ ਘੁੱਟਕੇ ਫੜਿਆ ਹੋਇਆ ਹੈ। ਉਹ ਪੇਂਡੂ ਪਰੰਪਰਾਗਤ ਲੋਕਾਚਾਰੀ ਅਤੇ ਭਾਈਚਾਰਕ ਸਾਂਝ ਨਾਲ ਭਾਵਨਾਤਮਕ ਜੁੜਿਆ ਹੋਣ ਕਰਕੇ ਬੰਤਾ ਸਿੰਘ ਦੀ ਮਦਦ ਕਰਦਾ ਹੈ ਅਤੇ ਆਪਣੇ ਪੈਸਿਆਂ ਨੂੰ ਠਰੰਮੇ ਨਾਲ ਵਾਪਸ ਲੈਣ ਲਈ ਰਾਜ਼ੀ ਹੁੰਦਾ ਹੈ, ਕਿਉਂਕਿ ਮਾਨਵੀ ਸੰਵੇਦਨਾ ਤਹਿਤ ਪੈਸੇ ਨਾਲੋਂ ਵੱਧ ਬੰਤਾ ਸਿੰਘ ਦੇ ਪਰਿਵਾਰ ਦੀ ਦਿਲੋਂ ਮਦਦ ਕਰਦਾ ਹੈ:

ਬੰਤਾ ਸਿੰਘ : ਬਈ ਤੇਰਾ ਇਹ ਕਰਜ਼ਾ ਕਿਵੇਂ ਤਾਰਾਂਗੇ?

ਸੁੰਦਰ ਬਾਣੀਆਂ : ਬੰਤਾ ਸਿੰਹਾਂ ਮੈਂ ਕਦੋਂ ਤੈਥੋਂ ਪੈਸੇ ਮੰਗੇ ਐ। ਮੈਂ ਨੀ ਸੀ ਕਹਿੰਦਾ ਹੁੰਦਾ ਕਿ ਮੇਰੀ ਜੇਬ੍ਹ 'ਚ ਦਵਾਨੀ ਨੀ। ਮੈਂ ਕਿਵੇਂ ਦੇਖ ਲਾਂ ਤੁਹਾਡਾ ਘਰ ਵਿਕਦਾ? ਤੁਸੀਂ ਮੇਰੇ ਮੂਹਰੇ ਇਸੇ ਤਰ੍ਹਾਂ ਹੱਸਦੇ ਖੇਡਦੇ ਰਹੋ। ਓ ਕੀ ਕਰਨਾ ਪੈਸਾ?

(ਪੰਨਾ 57)

ਇਥੇ ਨਾਟਕ ਵਿਚ ਕਮਾਲ ਦੀਆਂ ਸਥਿਤੀਆਂ ਘੜੀਆਂ ਗਈਆਂ ਹਨ। ਇਕ ਪਾਸੇ ਸੁੰਦਰ ਬਾਣੀਆ ਹੈ ਜਿਸ ਨਾਲ ਕੋਈ ਲਹੂ ਦਾ ਰਿਸ਼ਤਾ ਨਾ ਹੋਣ ਦੇ ਬਾਵਜੂਦ ਰਿਸ਼ਤਾ ਹੈ ਪਰ ਦੂਸਰੇ ਪਾਸੇ ਪਾਤਰ ਪੀਤਾ ਹੈ ਜਿਸ ਨਾਲ ਲਹੂ ਦਾ ਰਿਸ਼ਤਾ ਹੋਣ ਦੇ ਬਾਵਜੂਦ ਕੋਈ ਰਿਸ਼ਤਾ ਨਹੀਂ ਨਿਭ ਸਕਿਆ। ਸੁੰਦਰ ਬਾਣੀਆਂ ਆਪਣੇ ਦਿੱਤੇ ਪੈਸਿਆਂ ਦੀ ਪਰਵਾਹ ਨਹੀਂ ਕਰਦਾ ਲੇਕਿਨ ਪੀਤਾ ਸਿਰਫ਼ ਪੈਸਿਆਂ ਦੀ ਪਰਵਾਹ ਹੀ ਕਰ ਰਿਹਾ ਹੈ। ਅਜੋਕੇ ਦੌਰ ਦੀ ਵਿਡੰਬਨਾ ਇਹ ਹੈ ਕਿ ਮੁਨਾਫ਼ੇ ਦੇ ਏਸ ਯੁੱਗ ਨੇ ਕਿਵੇਂ ਆਪਣਿਆਂ ਵਿੱਚ ਬਗਾਨੇਪਣ ਅਤੇ ਬੇਵਿਸ਼ਵਾਸ਼ਾ ਹੋਣ ਦਾ ਰੁੱਖਾ ਅਹਿਸਾਸ

ਪੈਦਾ ਕੀਤਾ ਹੈ। ਇਸ ਵਰਤਾਰੇ ਦਾ ਸੱਚ ਇਹ ਹੈ ਕਿ ਇਥੇ ਰਿਸ਼ਤੇ ਦਿਲਾਂ ਨਾਲ ਨਹੀਂ ਸਗੋਂ ਲੁੜਾਂ ਥੁੜਾਂ, ਮਤਲਬਪ੍ਰਸਤੀ ਅਤੇ ਨਿੱਜਤਾ ਨਾਲ ਜੁੜੇ ਹੋਏ ਹਨ। ਬੱਸ ਕੋਈ ਕੋਈ ਵਿਰਲਾ ਟਾਵਾਂ ਦਿਲ ਰੂਹ ਨਾਲ ਜੁੜਿਆ ਹੈ ਭਾਵ ਕੋਈ 'ਹਰਿਆ ਬੂਟ ਰਹਿਓ ਰੀ' ਪਾਤਰ ਸੁੰਦਰ ਬਾਣੀਏ ਦੇ ਬੋਲ ਨਾਟਕ ਨੂੰ ਸਿਖ਼ਰ ਪ੍ਰਦਾਨ ਕਰਦੇ ਹਨ:

ਸੁੰਦਰ ਬਾਣੀਆਂ : ਜ਼ਜ਼ਬਾਤੀ ਹੋ ਜਾਂਦੈ ਕਿਸ ਨੇ ਮੰਗਿਐ ਤੁਹਾਥੋਂ ਪੈਸਾ? ਤੁਸੀਂ ਸਮਝਦੇ ਹੋ ਮੈਂ ਪੈਸਿਆਂ ਦਾ ਪੀਰ ਆਂ? ਮੈਨੂੰ ਪੈਸਾ ਨਹੀਂ ਤੁਹਾਡਾ ਸਾਥ ਚਾਹੀਦੈ। ਤੁਹਾਡਾ ਨਿੱਘ ਚਾਹੀਦੈ। ਤੁਸੀਂ ਮੇਰੇ ਆਪਣੇ ਹੋ। ਮੈਂ ਤੁਹਾਨੂੰ ਸਾਲਾਂ ਤੋਂ ਜਾਣਦੈ। ਤੁਹਾਡੇ ਨਾਲ ਮੇਰੀ ਸਾਂਝ ਹੈ। ਦੁੱਖਾਂ ਦੀ ਸਾਂਝ। ਮੈਂ ਇਹ ਸਾਂਝ ਨਹੀਂ ਟੁੱਟਣ ਦੇਵਾਂਗਾ। ਮੈਂ ਮਰਦਾ ਮਰ ਜਾਂਗਾ ਪਰ ਰਿਸ਼ਤੇ ਨਹੀਂ ਟੁੱਟਣ ਦੇਵਾਂਗਾ। (ਭੱਬਾਂ ਮਾਰ ਕੇ ਰੋਂਦਾ ਹੈ) ਹੱਥ ਵਿਚ ਉਸ ਦੇ ਵਹੀ ਹੈ। ਉਸ ਨੂੰ ਪਾੜ ਕੇ ਸੁਟ ਦੇਂਦਾ ਹੈ। ਵਹੀ ਦੇ ਵਰਕੇ ਹਵਾ ਵਿੱਚ ਉਡਦੇ ਨੇ। (ਪੰਨਾ 58-59)

ਨਾਟਕਕਾਰ ਮੰਨਿਦਰ ਅਤੇ ਸੁੰਦਰ ਬਾਣੀਆਂ ਪਾਤਰਾਂ ਦੁਆਰਾ ਪੈਸੇ ਨਾਲੋਂ ਰਿਸ਼ਤਿਆਂ ਨੂੰ ਵਧੀਕ ਮਾਨਤਾ ਦੇ ਕੇ ਸਿੱਧ ਕਰਦਾ ਹੈ ਕਿ ਬੰਦਾ ਹੀ ਬੰਦੇ ਦਾ ਦਾਰੂ ਹੈ ਨਾ ਕਿ ਪੈਸਾ .......... ਹਾਂ ਪੈਸਾ ਜਰੂਰਤ ਹੈ ਪਰ ਬੰਦੇ ਦਾ ਬਦਲ ਹਰਗਿਜ਼ ਨਹੀਂ। ਇਸ ਪ੍ਰਕਾਰ ਉਪਰੋਕਤ ਦੋਵੇਂ ਪਾਤਰਾਂ ਦੁਆਰਾ ਇਹ ਨਾਟਕ ਦੁਖਾਂਤ ਤੋਂ ਰੂਪਾਂਤਰਿਤ ਹੋ ਕੇ ਸੁਖਾਂਤ ਵੱਲ ਪਰਤ ਜਾਂਦਾ ਹੈ। ਨਾਟਕਕਾਰ ਮਾਨਵੀ ਸਰੋਕਾਰਾਂ ਨੂੰ ਉਭਾਰਦਾ ਹੋਇਆ ਵੱਡੀ ਪੀੜ੍ਹੀ ਲਈ ਇਹ ਪੁਖ਼ਤਾ ਧਾਰਨ ਸਥਾਪਿਤ ਕਰਦਾ ਹੈ ਕਿ ਅਜੋਕੇ ਗਲੋਬਲੀ ਦੌਰ 'ਚ ਇਸ ਪੀੜ੍ਹੀ ਦੇ ਸਮਾਜਿਕ ਮੁੱਲਾਂ ਵਧੇਰੇ ਮਜ਼ਬੂਤ, ਸੁਹਿਰਦਤਾ ਅਤੇ ਚਿਰਸਥਾਈ ਭਾਵਨਾਵਾਂ ਨਾਲ ਉਤਪੋਤ ਹੋਣ ਕਾਰਨ ਜਿੱਤ ਦਾ ਪ੍ਰਤੀਕ ਹਨ ਜਦੋਂ ਕਿ ਨਵੀਂ ਪੀੜ੍ਹੀ ਦੀਆਂ ਕਦਰਾਂ-ਕੀਮਤਾਂ ਥੋੜ੍ਹਚਿਰੀਆਂ, ਖੁਸ਼ਕ ਅਤੇ ਖੋਖਲੀਆਂ ਸਾਬਤ ਹੋ ਰਹੀਆਂ ਹਨ। ਦੂਸਰੇ ਪਾਸੇ ਇਹ ਵੀ ਇਕ ਸੱਚ ਹੈ ਕਿ ਵੱਡੀ ਪੀੜ੍ਹੀ ਹੀ ਕੁਰਬਾਨੀ ਦੇ ਰਹੀ ਹੈ ਭਾਵੇਂ ਹਾਲਾਤ ਉਨ੍ਹਾਂ ਦੇ ਵਿਰੋਧ 'ਚ ਹੀ ਕਿਉਂ ਨਾ ਹੋਣ। ਨਵੀਂ ਪੀੜ੍ਹੀ ਇਸ ਤੋਂ ਪੂਰੀ ਤਰ੍ਹਾਂ ਬੇਮੁਖ ਤੇ ਮੁਨਕਰ ਹੋ ਰਹੀ ਹੈ। ਮਾਰਕਸ ਦਾ ਕਥਨ, "ਕਿ ਆਰਥਕ ਢਾਂਚੇ ਵਿਚ ਤਬਦੀਲੀ ਸਮਾਜ ਦੇ ਹੋਰ ਪੱਖਾਂ ਨੂੰ ਬਦਲ ਕੇ ਰੱਖ ਦਿੰਦੀ ਹੈ, ਅੱਜ ਕੱਲ੍ਹ ਪੋਡੂ ਸਮਾਜ ਵਿੱਚ ਪ੍ਰਤੱਖ ਦੇਖੀ ਜਾ ਸਕਦੀ ਹੈ। ਖੇਤੀਬਾੜੀ ਦੇ ਵਪਾਰੀਕਰਮ ਤੇ ਮਸ਼ੀਨੀਕਰਣ ਨੇ ਸਿਰਫ਼ ਆਰਥਕ ਖੁਸ਼ਹਾਲੀ ਹੀ ਨਹੀਂ ਲਿਆਂਦੀ ਬਲਕਿ ਪੁਰਾਣੇ ਖੱਟੇ ਮਿੱਠੇ ਰਿਸ਼ਤਿਆਂ ਨੂੰ ਵੀ ਹਲੂਣਾ ਮਾਰਿਆ ਹੈ।"[8] ਨਵੀਂ ਪੀੜ੍ਹੀ ਆਪਣੇ ਰਿਸ਼ਤੇ ਨਿਭਾਉਣੇ ਤਾਂ ਕੀ ਉਹ ਰਿਸ਼ਤੇ ਪਛਾਨਣ ਤੋਂ ਟਾਲਾ ਵੱਟ ਰਹੇ ਹਨ। ਇਹ ਅਮਾਨਵੀ ਰੁਝਾਨ ਸਾਡੇ ਸਮਾਜ 'ਚ ਦਿਨੋਂ ਦਿਨ ਪਲਰ ਰਿਹਾ ਹੈ, ਕਿਉਂਕਿ ਨਵੀਂ ਪੀੜ੍ਹੀ ਦੀ ਨੀਂਹ ਤੇ ਉਸਾਰ ਪੈਸੇ/ਪੂੰਜੀ 'ਤੇ ਕੇਂਦਰਿਤ ਹੈ ਜੋ ਇਕ ਬੇਹੱਦ ਖ਼ਤਰਨਾਕ ਸੰਕਟ ਦਾ ਰੂਪ ਧਾਰਨ ਕਰ ਰਿਹਾ ਹੈ।

ਲਿਹਾਜ਼ਾ ਉਪਰੋਕਤ ਵਿਚਾਰ ਵਿਮਰਸ਼ ਤੋਂ ਸਹਿਜੇ ਹੀ ਨਿਰਣਾ ਲਿਆ ਜਾ ਸਕਦਾ ਹੈ ਵਰਿਆਮ ਮਸਤ ਦਾ ਨਾਟ ਜਗਤ, ਸਾਹਿਤ ਅਤੇ ਸਮਾਜ ਦੀ ਆਪਸੀ ਪੀਢੀ ਸਾਂਝ ਪਵਾ ਕੇ ਤਿੱਖੇ ਰੂਪ 'ਚ ਵਿਸ਼ਵੀਕਰਨ ਦੌਰ ਦੀਆਂ ਸਮਾਜਕ ਵਿਸੰਗਤੀਆਂ ਅਤੇ ਉਨ੍ਹਾਂ ਦੇ ਸਮਾਧਾਨ ਸਮੇਤ ਵਿਚਾਰਧਾਰਕ ਸੰਵਾਦ ਤੋਰਦਾ ਹੈ। ਨਾਟਕਕਾਰ ਇਹ ਸੰਵਾਦ ਰਾਹੀਂ ਯਥਾਰਥ ਅਤੇ ਤਾਰਕਿਕ ਰੰਗਣ ਦੁਆਰਾ ਨਾਟਕ ਵਿਚਾਲੇ ਅਰਥਚਾਰਕ ਸਮਾਜਕ ਸਰੋਕਾਰਾਂ ਦੀ ਪ੍ਰਾਸੰਗਿਕਤਾ ਪ੍ਰਤੀ ਨਿਸ਼ਾਨਦੇਹੀ ਉਜਾਗਰ ਕਰਦਿਆਂ ਸਾਰਥਕ ਪਹੁੰਚ ਮੁਹੱਈਆ ਕਰਨ ਦਾ ਵਿਸ਼ੇਸ਼ ਬਾਇਸ ਬਣਦਾ ਹੈ। ਇਥੇ ਜ਼ਿਕਰਯੋਗ ਹੈ ਕਿ 'ਰਿਸ਼ਤੇ' ਨਾਟਕ ਦਾ ਆਦਰਸ਼ਕ ਪੱਖ ਪੇਸ਼ ਕਰਨਾ ਵਰਿਆਮ ਮਸਤ ਦੀ ਲੇਖਣੀ ਕਰਮ ਦਾ ਭਾਵਪੂਰਨ ਪ੍ਰਤੀਮਾਨ ਹੈ, ਜਿਸ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ। ਸਮੁੱਚੇ ਰੂਪ 'ਚ ਇਹ ਨਾਟਕ ਕਲਿਆਣਕਾਰੀ ਪ੍ਰਯੋਜਨ ਦਾ ਠੋਸ ਸਬੂਤ ਪੇਸ਼ ਕਰਕੇ ਇੱਕ ਮੁੱਲਵਾਨ ਰਚਨਾ ਵਜੋਂ ਸਥਾਪਤੀ ਦਾ ਆਧਾਰ ਪ੍ਰਦਾਨ ਕਰਦਾ ਹੈ।

## ਹਵਾਲੇ ਤੇ ਟਿੱਪਣੀਆਂ


1. ਹਰਿੰਦਰ ਭੰਡਾਲ, ਪ੍ਰਵਚਨ ਤੇ ਪ੍ਰਸ਼ਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 174.
2. ਗੁਰਦਿਆਲ ਸਿੰਘ ਫੁੱਲ, ਪੰਜਾਬੀ ਨਾਟਕ : ਸਰੂਪ, ਸਿਧਾਂਤ ਤੇ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 32.
3. ਉਹੀ, ਪੰਨਾ 37.
4. ਰੋਸ਼ਨ ਲਾਲ ਆਹੂਜਾ, ਪੰਜਾਬੀ ਦੁਨੀਆ, ਅਪ੍ਰੈਲ 1956, ਪੰਨਾ 1.
5. ਗਿਆਨ ਸਿੰਘ (ਸੰਪਾ.), ਪੰਜਾਬ ਦੀ ਆਰਥਕਤਾ : ਕਾਰਗੁਜ਼ਾਰੀ ਅਤੇ ਚੁਣੌਤੀਆਂ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 77-78.
6. ਰਾਜਿੰਦਰ ਸਿੰਘ ਕੰਬੋਜ, ਖੇਤੀ ਇਨਕਲਾਬ ਦੀਆਂ ਪਰਤਾਂ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, 12 ਮਈ 2010, ਪੰਨਾ 6.
7. ਵਰਿਆਮ ਮਸਤ, ਰਿਸ਼ਤੇ, ਸ਼ਿਲਾਲੇਖ, ਦਿੱਲੀ, 2013, ਪੰਨਾ 25.
8. ਸੁਖਦੇਵ ਸਿੰਘ (ਡਾ.), ਪੇਂਡੂ ਸਮਾਜ ਅਤੇ ਪੇਂਡੂ ਵਿਕਾਸ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ 55.